l No. 2018473802



al No. of Questions : 33]

[Total No. of Printed Pages : 12

SS

2038

ਸਲਾਨਾ ਪਰੀਖਿਆ ਪ੍ਰਨਾਲੀ

# ELEMENTS OF BOOK-KEEPING (TP)

**(Business and Commerce Group)**

**(Taxation Practices Trade)**

**Paper–I**

**(Punjabi, Hindi and English Versions)**

**(Evening Session)**

ne allowed : Three hours

Maximum marks : 80

## (Punjabi Version)

: (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **190** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਤਿੰਨ ਭਾਗਾਂ (ਭਾਗ-**I**, ਭਾਗ-**II** ਅਤੇ ਭਾਗ-**III**) ਵਿੱਚ ਵੰਡਿਆ ਗਿਆ ਹੈ ।

(v) ਹਰ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ ।

(vi) **ਭਾਗ-I** ਵਿੱਚ ਪ੍ਰਸ਼ਨ ਨੰਬਰ **1** ਤੋਂ **10** ਤੱਕ 2-2 ਅੰਕ ਦੇ 10 ਪ੍ਰਸ਼ਨ ਹਨ ਅਤੇ ਸਾਰੇ ਪ੍ਰਸ਼ਨ ਜ਼ਰੂਰੀ ਹਨ । ਇਹਨਾਂ ਦਾ ਉੱਤਰ ਇੱਕ ਲਾਈਨ ਤੋਂ ਵੱਧ ਨਾ ਹੋਵੇ ।

(vii) **ਭਾਗ-II** ਵਿੱਚ ਪ੍ਰਸ਼ਨ ਨੰਬਰ **11** ਤੋਂ **25** ਤੱਕ 4-4 ਅੰਕਾਂ ਦੇ ਕੁੱਲ 15 ਪ੍ਰਸ਼ਨ ਹਨ, ਇਹਨਾਂ ਵਿੱਚੋਂ ਕਿਸੇ 9 ਪ੍ਰਸ਼ਨਾਂ ਦੇ ਉੱਤਰ ਸਹੀ ਤੇ ਸਪੱਸ਼ਟ ਸ਼ਬਦਾਂ ਵਿੱਚ ਲਿਖੋ ਅਤੇ ਇਹਨਾਂ ਦਾ ਉੱਤਰ ਇੱਕ ਪੇਜ ਤੋਂ ਵੱਧ ਨਾ ਹੋਵੇ ।

(viii) **ਭਾਗ-III** ਵਿੱਚ ਪ੍ਰਸ਼ਨ ਨੰਬਰ **26** ਤੋਂ **33** ਤੱਕ 6-6 ਅੰਕਾਂ ਦੇ ਕੁੱਲ 8 ਪ੍ਰਸ਼ਨ ਹਨ । ਇਨ੍ਹਾਂ ਵਿੱਚੋਂ ਕਿਸੇ ਵੀ 4 ਪ੍ਰਸ਼ਨਾਂ ਦੇ ਉੱਤਰ ਦਿਉ । ਕਿਸੇ ਵੀ ਪ੍ਰਸ਼ਨ ਦਾ ਉੱਤਰ 2 ਸਫ਼ਿਆਂ ਤੋਂ ਵੱਧ ਨਾ ਹੋਵੇ ।

(ix) ਵਿਦਿਆਰਥੀਆਂ ਨੂੰ ਜਮ੍ਹਾ/ਘਟਾਉਣ ਵਾਲਾ ਸਾਧਾਰਨ ਗਣਨਯੰਤਰ ਵਰਤਣ ਦੀ ਆਗਿਆ ਦਿੱਤੀ ਜਾਵੇਗੀ ।

### ਭਾਗ–I

1. ਜਦ ਬੈਂਕ ਵਿੱਚ ਰੋਕੜ ਕਢਵਾਈ ਜਾਂਦੀ ਹੈ ਤਾਂ ਬੈਂਕ ਗਾਹਕ ਦੇ ਖਾਤੇ ਨੂੰ ................ ਕਰਦਾ ਹੈ । 2

2. ਕੁਲ ਲਾਭ ਕਿਸ ਖਾਤੇ ਨੂੰ ਤਬਦੀਲ ਕੀਤਾ ਜਾਂਦਾ ਹੈ ? 2



[Turn over

Scanned by CamScanner

3. ਘਿਸਾਵਟ ................ ਸੰਪਤੀ ਤੇ ਲਗਾਈ ਜਾਂਦੀ ਹੈ। (ਸਥਾਈ/ਚਾਲੂ) 2

4. ਤਲਪਟ ਖਾਤਾ-ਬਹੀ ਦਾ ਇੱਕ ਹਿੱਸਾ ਹੈ। (ਠੀਕ/ਗਲਤ) 2

5. ਸ਼ੁਕਰਾਨਾ ਦਾ ਅਰਥ ਲਿਖੋ। 2

6. ਭੁੱਲ ਦੀਆਂ ਅਸ਼ੁੱਧੀਆਂ ਤੋਂ ਤੁਸੀਂ ਕੀ ਸਮਝਦੇ ਹੋ ? 2

7. ਲੇਖਕ ਕੌਣ ਹੁੰਦਾ ਹੈ ? 2

8. ਲਾਭ ਹਾਨੀ ਖਾਤੇ ਦੇ ਡੈਬਿਟ ਪੱਖ ਵੱਲ ਲਿਖਣ ਵਾਲੀ ਇੱਕ ਮਦ ਲਿਖੋ। 2

9. ਸਥਾਈ ਸੰਪਤੀ ਦੀ ਇੱਕ ਉਦਾਹਰਨ ਦਿਉ। 2

10. ਸਾਂਝੇਦਾਰੀ ਦਸਤਾਵੇਜ਼ ਦੀ ਅਣਹੋਂਦ ਵਿੱਚ ਸਾਂਝੇਦਾਰਾਂ ਵਿੱਚ ਲਾਭ ਹਾਨੀ ਵੰਡ ਕਿਵੇਂ ਕੀਤੀ ਜਾਂਦੀ ਹੈ ? 2

10×2=20

## ਭਾਗ–II

11. ਹੇਠ ਲਿਖੇ ਅੰਕੜਿਆਂ ਤੋਂ ਤਲਪਟ ਤਿਆਰ ਕਰੋ :
ਪੂੰਜੀ = 61,000 ਆਹਰਣ = 10,000 ਮਸ਼ੀਨਰੀ = 55,000 ਦੇਣਦਾਰ = 11,000 ਲੈਣਦਾਰ = 53,000
ਬੈਂਕ = 43,000 ਰੋਕੜ = 10,000 ਖਰੀਦ = 75,000 ਵਿਕਰੀ = 90,000. 4

12. ਦਿੱਤੇ ਗਏ ਅੰਕੜਿਆਂ ਤੋਂ ਵੇਚੇ ਗਏ ਮਾਲ ਦੀ ਲਾਗਤ ਪਤਾ ਕਰੋ :
ਆਰੰਭਿਕ ਸਟਾਕ = 5,000 ਸ਼ੁੱਧ ਖਰੀਦ = 60,000 ਵਿਕਰੀ = 1,00,000 ਪ੍ਰਤੱਖ ਖਰਚੇ = 3,000 ਅੰਤਿਮ ਸਟਾਕ = 8,000 4

13. ਘਿਸਾਵਟ ਦੀਆਂ ਵਿਸ਼ੇਸ਼ਤਾਵਾਂ ਲਿਖੋ। 4

14. ਬੈਂਕ ਵਿਵਰਣ ਅਤੇ ਬੈਂਕ ਸਮਾਧਾਨ ਵਿਵਰਣ ਵਿੱਚ ਅੰਤਰ ਸਪੱਸ਼ਟ ਕਰੋ। 4

15. ਇੱਕ ਸੰਪਤੀ ਦਾ ਮੁੱਲ 21,000 ਰੁਪਏ ਹੈ ਉਸਦਾ ਅਵਸ਼ਿਸਟ ਮੁੱਲ = 1,000 ਰੁਪਏ ਹੈ ਘਿਸਾਵਟ ਦੀ ਦਰ 10% ਸਲਾਨਾ ਹੈ। ਸਾਲ ਦੇ ਅੰਤ ਤੇ ਸਥਾਈ ਕਿਸ਼ਤ ਵਿਧੀ ਅਨੁਸਾਰ ਸੰਪਤੀ ਉਪਰ ਕਿੰਨਾਂ ਘਿਸਾਵਟ ਲਗਾਈ ਜਾਵੇਗੀ ? 4

16. ਬਿੱਲ ਦੇ ਪਿਠਅੰਕਣ ਤੋਂ ਤੁਸੀਂ ਕੀ ਸਮਝਦੇ ਹੋ ? ਉਦਾਹਰਨ ਸਹਿਤ ਲਿਖੋ। 4

17. ਪੂੰਜੀ ਖਰਚੇ ਦੀ ਵਿਆਖਿਆ ਕਰੋ। ਉਦਾਹਰਨ ਵੀ ਲਿਖੋ। 4

18. ਹੇਠ ਦਿੱਤੇ ਅੰਕੜਿਆਂ ਤੇ 31 ਮਾਰਚ 2012 ਵਾਸਤੇ ਚੰਦੇ ਦੀ ਗਣਨਾ ਕਰੋ :
ਚਾਲੂ ਸਾਲ ਦੌਰਾਨ ਮਿਲਿਆ ਚੰਦਾ = 48,000
31 ਮਾਰਚ 2011 ਨੂੰ ਬਕਾਇਆ ਚੰਦਾ = 3,000
31 ਮਾਰਚ 2011 ਨੂੰ ਪੇਸ਼ਗੀ ਚੰਦਾ = 5,000
31 ਮਾਰਚ 2012 ਨੂੰ ਬਕਾਇਆ ਚੰਦਾ = 2,000
31 ਮਾਰਚ 2012 ਨੂੰ ਮਿਲਿਆ ਪੇਸ਼ਗੀ ਚੰਦਾ = 4,000 4



Scanned by CamScanner

19. ਸਾਂਝੇਦਾਰੀ ਇਕਰਾਰਨਾਮੇ ਦੀ ਅਣਹੋਂਦ ਵਿੱਚ ਲਾਗੂ ਹੋਣ ਵਾਲੇ ਨਿਯਮ ਕਿਹੜੇ ਹਨ ? 4

20. ਬੈਂਕ ਸਮਾਧਾਨ ਵਿਵਰਣ ਬਣਾਉਣ ਦੇ ਉਦੇਸ਼ ਲਿਖੋ । 4

21. ਹੇਠ ਲਿਖੇ ਅੰਕੜਿਆਂ ਤੋਂ ਪਤਾ ਕਰੋ ਕਿਰਾਏ ਦੀ ਕਿੰਨੀ ਰਕਮ ਆਮਦਨ ਖਰਚ ਖਾਤੇ ਵਿੱਚ 31 ਮਾਰਚ 2008 ਨੂੰ ਕ੍ਰੈਡਿਟ ਕੀਤੀ ਜਾਵੇਗੀ ?

ਪ੍ਰਾਪਤ ਕਿਰਾਇਆ = 25,000

ਕਮਾਈ ਗਈ ਆਮਦਨ 1-4-07 = 7,000

ਕਮਾਈ ਗਈ ਆਮਦਨ 31-3-08 = 4,000 4

22. ਸਾਲ 2011 ਦੌਰਾਨ ਰਣਜੀਤ 1,000 ਰੁਪਏ ਹਰ ਮਹੀਨੇ ਦੇ ਪਹਿਲੇ ਦਿਨ ਨਿੱਜੀ ਵਰਤੋਂ ਲਈ ਕਢਵਾਉਂਦਾ ਹੈ ਇਸਤੇ ਵਿਆਜ 12% ਦਰ ਨਾਲ਼ ਹੈ । ਨਿੱਜ ਵਰਤੀ ਰਕਮ ਤੇ ਵਿਆਜ ਪਤਾ ਕਰੋ । 4

23. A ਅਤੇ B 1 ਜਨਵਰੀ 2012 ਨੂੰ ਬਿਨਾ ਸਾਂਝੇਦਾਰੀ ਇਕਰਾਰਨਾਮੇ ਤੇ ਸਾਂਝੇਦਾਰੀ ਫਰਮ ਵਿੱਚ ਆਏ । A ਨੇ 5,000 ਰੁਪਏ ਤੇ B ਨੇ 3,000 ਰੁਪਏ ਪੂੰਜੀ ਲਗਾਈ । 1 ਜੁਲਾਈ 2012 ਨੂੰ A ਨੇ 2,000 ਰੁਪਏ ਦਾ ਕਰਜਾ ਸਾਂਝੇਦਾਰੀ ਫਰਮ ਨੂੰ ਦਿਤਾ ਕਰਜ਼ੇ ਤੇ ਵਿਆਜ ਨਿਸ਼ਚਿਤ ਨਹੀਂ ਕੀਤਾ । 2012 ਦੇ ਅੰਤ ਤੇ 4,300 ਰੁਪਏ ਲਾਭ ਨਿਕਲਿਆ । ਤੁਸੀਂ ਸਾਂਝੇਦਾਰੀ ਇਕਰਾਰਨਾਮੇ ਦੀ ਅਣਹੋਂਦ ਵਿੱਚ ਦੋਣਾ ਵਿਚਕਾਰ ਲਾਭ ਹਾਨੀ ਵੰਡ ਅਤੇ ਕਰਜ਼ੇ ਤੋਂ ਵਿਆਜ ਕਿਵੇਂ ਨਿਸ਼ਚਿਤ ਕਰੋਗੇ ? 4

24. ਲਾਭ ਹਾਨੀ ਖਾਤੇ ਦੇ ਡੈਬਿਟ ਪੱਖ ਵਿੱਚ ਸਧਾਰਨ ਤੌਰ ਤੇ ਕਿਹੜੀਆਂ ਮਦਾਂ ਲਿਖਿਆ ਜਾਂਦੀਆਂ ਹਨ ? 4

25. ਹੇਠ ਲਿਖੇ ਮਾਮਲਿਆਂ ਵਿੱਚ ਬਿੱਲ ਦੀ ਅਦਾਇਗੀ ਮਿਤੀ ਪਤਾ ਕਰੋ :

| ਬਿੱਲ ਦੀ ਮਿਤੀ | ਬਿੱਲ ਦੀ ਸਮਾਂ ਅਵਧੀ |
|---|---|
| 30 ਜੂਨ | 2 ਮਹੀਨੇ |
| 31 ਮਾਰਚ | 3 ਮਹੀਨੇ |

4

9×4=36

## ਭਾਗ–III

26. ਤਲਪਟ ਦੀ ਪਰਿਭਾਸ਼ਾ ਦਿਉ । ਇਸਦੇ ਲਾਭ ਅਤੇ ਸੀਮਾਵਾਂ ਦਾ ਵਰਨਣ ਕਰੋ । 1+3+2

27. ਇੱਕ ਕੰਪਨੀ ਨੇ ਇੱਕ ਮਸ਼ੀਨ 1 ਅਕਤੂਬਰ 2007 ਨੂੰ 50,000 ਰੁਪਏ ਦੀ ਖਰੀਦੀ । ਇੱਕ ਹੋਰ ਮਸ਼ੀਨ 1 ਦਸੰਬਰ 2008 ਨੂੰ 10,000 ਰੁਪਏ ਦੀ ਖਰੀਦੀ । 31 ਮਾਰਚ 2010 ਨੂੰ ਜਿਹੜੀ ਮਸ਼ੀਨ 2008 ਦਸੰਬਰ ਨੂੰ ਖਰੀਦੀ ਸੀ ਉਹ 5,000 ਹਾਨੀ ਤੇ ਵੇਚ ਦਿੱਤੀ । ਕੰਪਨੀ ਹਰ ਸਾਲ 15% ਦੇ ਹਿਸਾਬ ਨਾਲ ਘਟਦੀ ਦਰ ਨਾਲ਼ ਘਿਸਾਵਟ ਲਗਾਉਂਦੀ ਹੈ । ਖਾਤੇ ਹਰ ਸਾਲ 31 ਮਾਰਚ ਨੂੰ ਬੰਦ ਕੀਤੇ ਜਾਂਦੇ ਹਨ । ਪਹਿਲੇ ਤਿੰਨ ਸਾਲਾਂ ਦਾ ਮਸ਼ੀਨਰੀ ਖਾਤਾ ਤਿਆਰ ਕਰੋ । 6

28. ਅਸ਼ੁੱਧੀਆਂ ਦੀ ਸੋਧ ਦਾ ਕੀ ਅਰਥ ਹੈ ? ਅਸ਼ੁੱਧੀਆਂ ਦੀ ਸੋਧ ਦੀਆਂ ਭਿੰਨ-ਭਿੰਨ ਵਿਧੀਆਂ ਲਿਖੋ । 2+4=6



Scanned by CamScanner